

ਬੁਸ਼ਰਾ ਨਾਜ਼
ਪ੍ਰਸਿੱਧ ਪੰਜਾਬੀ ਸ਼ਾਇਰਾ
(ਲਹਿੰਦਾ ਪੰਜਾਬ)

**1.**

ਜਿਹਨੂੰ ਆਪਣਾ ਸਭ ਕੁੱਝ ਮੰਨਿਆ।
ਉਹਨੇ ਮਾਣ ਅਸਾਡਾ ਭੰਨਿਆ।

ਉਹੋ ਰੱਸੀ ਕੱਚੀ ਨਿਕਲੀ
ਸੱਧਰਾਂ ਨੂੰ ਜਿਸ ਨਾਲ਼ ਸੀ ਬੰਨਿਆ।

ਠੋਕਰਾਂ ਖਾ ਕੇ ਦਿਲ ਨੂੰ ਪੁੱਛਾਂ
ਨਜ਼ਰ ਨਈਂ ਆਉਂਦਾ ਤੈਨੂੰ ਅੰਨ੍ਹਿਆ।

ਤੂੰ ਸਾਡੇ ਲਿਸ਼ਕਾਰੇ ਸਦਕੇ
ਕਦ ਦਾ ਚਮਕੀ ਜਾਣਾ ਐਂ ਪੰਨਿਆ।

ਮੈਂ ਵੀ ਅਕਲ ਦੀ ਇਕ ਨਈਂ ਮੰਨੀ
ਦਿਲ ਵੀ ਮੇਰੀ ਇੱਕ ਨਈਂ ਮੰਨਿਆ।

ਉਹਨੇ ਅੱਜ ਵੀ ਆਉਣਾ ਨਈਓਂ
ਕਿੱਧਰ ਤੱਕੀ ਜਾਣਾ ਐਂ ਬੰਨਿਆ।

ਉਹਨੂੰ ਭੁੱਲਣਾ ਔਖਾ ਨਈਂ ਸੀ
'ਬੁਸ਼ਰਾ' ਚੰਦਰਾ ਦਿਲ ਨਈਂ ਮੰਨਿਆ।

**2.**

ਤੂੰ ਜਾਣੇ ਕੀ ਤੇਰੇ ਦਿਲ ਵਿਚ ਆਇਆ ਰੱਬਾ।
ਖ਼ਬਰੇ ਤੂੰ ਕੀ ਸੋਚ ਕੇ ਕੁੰਨ ਫ਼ਰਮਾਇਆ ਰੱਬਾ।

ਜਾਣ ਕੇ ਫ਼ੇਰ ਮੈਂ ਉਹਦੀਆਂ ਗੱਲਾਂ ਦੇ ਵਿਚ ਆਈ
ਜਿਹੜਾ ਮੇਰੀਆਂ ਗੱਲਾਂ ਵਿਚ ਨਈਂ ਆਇਆ ਰੱਬਾ।

ਦੁੱਖ ਵਿਚ ਵੇਖ ਕੇ ਸਾਨੂੰ ਓਹਨੂੰ ਦੁੱਖ ਨਈਂ ਹੋਇਆ
ਸਾਨੂੰ ਇਸੇ ਦੁੱਖ ਨੇ ਮਾਰ ਮੁਕਾਇਆ ਰੱਬਾ।

ਧੁੱਪ ਨੇ ਸਾਨੂੰ ਘੂਰ ਕੇ ਤੱਕਿਆ ਜਦ ਵੀ ਤੱਕਿਆ
ਛਾਂ ਵੱਲ ਤੱਕਿਆ ਛਾਂ ਨੇ ਮੁੱਖ ਪਰਤਾਇਆ ਰੱਬਾ।

ਲੋਕਾਂ ਪਿਆਰ ਮੁਹੱਬਤ ਵਾਲ਼ੇ ਜ਼ੁਮਲੇ ਰੱਟ ਕੇ
ਇਸ਼ਕ ਨੂੰ ਘੁੰਮਣ ਘੇਰੀਆਂ ਦੇ ਵਿਚ ਪਾਇਆ ਰੱਬਾ।

ਕਿੰਨੇ ਭੇਤ ਨੇ ਤੇਰੀ ਜ਼ਾਤ ਦੇ ਤੂੰਹੀਓਂ ਜਾਣੇ
ਸਾਡੀ ਸਮਝੇ ਅੱਜ ਤੱਕ ਕੁਝ ਨਹੀਂ ਆਇਆ ਰੱਬਾ

ਇੱਕ ਨਾ ਇੱਕ ਦਿਨ ਢਾਹ ਦੇਣੀ ਏ ਦੁਨੀਆਂ ਤੂੰ ਵੀ
ਜਿਵੇਂ ਹਰ ਤਕੜੇ ਨੇ ਮਾੜਾ ਢਾਇਆ ਰੱਬਾ।

ਜਿਹਨੂੰ ਦਿਲ ਦਾ ਹਾਲ ਸੁਣਾਉਣਾ ਚਾਹਿਆ ਬੁਸ਼ਰਾ
ਓਹਨੇ ਪਹਿਲਾਂ ਆਪਣਾ ਹਾਲ ਸੁਣਾਇਆ ਰੱਬਾ।

**3.**

ਨਾਂ ਮਾਹੀ ਦਾ ਜਪਦੀ ਰਈ ਆਂ।
ਰੋਜ਼ ਦਿਹਾੜੇ ਖੱਪਦੀ ਰਈ ਆਂ।

ਹਾੜ ਦੀ ਧੁੱਪ ਚ ਪਿੰਡਾ ਠਰਿਆ
ਪੋਹ ਦੀ ਰਾਤ ਚ ਤਪਦੀ ਰਈ ਆਂ।

ਅੱਖ ਖੁੱਲੀ ਤੇ ਟੁਰ ਨਈਂ ਹੋਇਆ।
ਖ਼ਾਬ 'ਚ ਅੰਬਰ ਟੱਪਦੀ ਰਈ ਆਂ।

ਲੋਕੋ ਮੈਂਨੂੰ ਆਮ ਨਾ ਜਾਣੋਂ
ਮੈਂ ਵੀ ਸਹੇਲੀ ਸੱਪ ਦੀ ਰਈ ਆਂ।

ਰਾਤ ਕੁਲਹਿਣੀ ਰਾਤ ਦੇ ਉੱਤੇ
ਦਿਨ-ਦਿਨ ਕਰਕੇ ਠੱਪਦੀ ਰਈ ਆਂ।

'ਬੁਸ਼ਰਾ' ਗ਼ਜ਼ਲਾਂ ਦੀ ਸੂਰਤ ਵਿੱਚ
ਹਰ ਅਖ਼ਬਾਰ ਚ ਛਪਦੀ ਰਈ ਆਂ।

**4.**

ਟੁੱਟ ਪੈਣਾ ਅਹਿਸਾਸ ਈ ਮਰਿਆ ਹੋਇਆ ਏ।
ਲਹੂ ਜਿਸਮਾਂ ਦੇ ਅੰਦਰ ਠਰਿਆ ਹੋਇਆ ਏ।

ਖ਼ੁਸ਼ਹਾਲੀ ਦਾ ਆਲਮ ਨਾ ਪੁੱਛ ਬੀਬਾ ਵੇ
ਅੱਜ ਚੁੱਲ੍ਹੇ 'ਤੇ ਪਾਣੀ ਧਰਿਆ ਹੋਇਆ ਏ।

ਕੀ ਦੱਸਾਂ ਮੈਂ ਕੀ ਕੁਝ ਜਰਿਆ ਹੋਇਆ ਨਈਂ।
ਕੀ ਦੱਸਾਂ ਮੈਂ ਕੀ ਕੁਝ ਜਰਿਆ ਹੋਇਆ ਏ।

ਦੁੱਖ ਬੂਹੇ ਤੋਂ ਨਾਂ ਨਈਂ ਲੈਂਦਾ ਉੱਠਣ ਦਾ
ਸੁੱਖ ਦਾ ਵੇਲ਼ਾ ਕਿੱਥੇ ਮਰਿਆ ਹੋਇਆ ਏ।

ਡਰ ਲਾਗੇ ਨਈਂ ਲੱਗਦਾ ਮੇਰੇ ਇਸ ਡਰ ਤੋਂ
ਡਰ ਮੇਰੇ ਤੋਂ ਬਹੁਤਾ ਡਰਿਆ ਹੋਇਆ ਏ।

'ਬੁਸ਼ਰਾ' ਅਸੀਂ ਓਹ ਲੋਕ ਆ ਜਿਨ੍ਹਾਂ ਲੋਕਾਂ ਦੇ
ਹੱਡਾਂ ਦੇ ਵਿਚ ਪਾਣੀ ਭਰਿਆ ਹੋਇਆ ਏ।